



## ਜ਼ਿਲ੍ਹਾ ਸਮਾਜਿਕ ਅਤੇ ਸੁਰੱਖਿਆ ਅਫ਼ਸਰ

### ਹੁਸ਼ਿਆਰਪੁਰ ਵੱਲੋਂ ਹੇਠ ਲਿਖੀਆਂ ਚਲਾਈਆਂ ਜਾ ਰਹੀਆਂ ਸਕੀਮਾਂ

**1. ਬੁਢਾਪਾ ਪੈਨਸ਼ਨ ਸਕੀਮ**

ਇਸ ਸਕੀਮ ਅਧੀਨ ਜਿਨ੍ਹਾਂ ਔਰਤਾਂ ਦੀ ਉਮਰ 60 ਸਾਲ ਜਾਂ ਉਸ ਤੋਂ ਵੱਧ ਅਤੇ ਮਰਦਾਂ ਦੀ ਉਮਰ 65 ਸਾਲ ਜਾਂ ਉਸ ਤੋਂ ਵੱਧ ਹੈ, ਉਨ੍ਹਾਂ ਨੂੰ 200 ਰੁ. ਪ੍ਰਤੀ ਮਹੀਨਾ ਦੀ ਦਰ ਨਾਲ ਬੁਢਾਪਾ ਪੈਨਸ਼ਨ ਦਿੱਤੀ ਜਾਂਦੀ ਹੈ। ਇਕੱਲੇ ਵਿਅਕਤੀ ਦੀ ਆਮਦਨ 1000/- ਰੁ. ਅਤੇ ਪਤੀ ਪਤਨੀ ਦੇ ਕੇਸ ਵਿਚ ਆਮਦਨ 1500/- ਰੁਪਏ ਪ੍ਰਤੀ ਮਹੀਨਾ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦਾ ਕੋਈ ਵੀ ਪੁੱਤਰ 4000/- ਰੁਪਏ ਪ੍ਰਤੀ ਮਹੀਨਾ ਤੋਂ ਵੱਧ ਨਾ ਕਮਾਉਂਦਾ ਹੋਵੇ ਭਾਵੇਂ ਉਹ ਉਨ੍ਹਾਂ ਤੋਂ ਅਲੱਗ ਕਿਉਂ ਨਾ ਹੋਵੇ। ਇਸ ਸਕੀਮ ਅਧੀਨ ਪੇਂਡੂ ਖੇਤਰ ਲਈ ਅਤੇ ਸ਼ਹਿਰੀ ਫਾਰਮ ਅਲੱਗ-ਅਲੱਗ ਹਨ। ਪੇਂਡੂ ਖੇਤਰ ਦੇ ਅਰਜੀਕਾਰਾਂ ਨੇ ਆਪਣਾ ਫਾਰਮ ਮੁਕੰਮਲ ਕਰਵਾ ਕੇ ਸਬੰਧਤ ਗ੍ਰਾਮ ਪੰਚਾਇਤ ਨੂੰ ਗ੍ਰਾਮ ਸਭਾ ਰਾਹੀਂ ਦੇਣਾ ਹੈ। ਗ੍ਰਾਮ ਪੰਚਾਇਤ ਵਲੋਂ ਪੰਚਾਇਤ ਦੇ ਇਜਲਾਸ ਵਿਚ ਜੋ ਕਿ ਹਾੜੀ ਸਾਉਣੀ ਹੋਣੇ ਹਨ, ਉਸ ਅਰਜ਼ੀ ਉਤੇ ਸਿਫ਼ਾਰਿਸ਼ ਕੀਤੀ ਜਾਣੀ ਹੈ ਕਿ ਉਸ ਨੂੰ ਪੈਨਸ਼ਨ ਲੱਗਣ ਯੋਗ ਹੈ ਜਾਂ ਨਹੀਂ। ਗ੍ਰਾਮ ਪੰਚਾਇਤ ਦੀ ਸ਼ਿਫ਼ਾਰਿਸ ਤੋਂ ਬਾਅਦ ਅਰਜ਼ੀਆਂ ਸਬੰਧਤ ਬਾਲ ਵਿਕਾਸ ਤੇ ਪ੍ਰੋਜੈਕਟ ਅਫ਼ਸਰਾਂ ਨੂੰ ਭੇਜੀਆਂ ਜਾਣੀਆਂ ਹਨ। ਬਾਲ ਵਿਕਾਸ ਤੇ ਪ੍ਰੋਜੈਕਟ ਅਫ਼ਸਰ ਵਲੋਂ ਅਰਜ਼ੀਆਂ ਮੰਨਜੂਰੀ ਲਈ ਪੰਚਾਇਤ ਸੰਮਤੀ ਨੂੰ ਭੇਜਣੀਆਂ ਹਨ। ਪੰਚਾਇਤ ਸੰਮਤੀ ਦੀ ਮੰਨਜੂਰੀ ਤੋਂ ਬਾਅਦ ਬਾਲ ਵਿਕਾਸ ਤੇ ਪ੍ਰੋਜੈਕਟ ਅਫ਼ਸਰ ਨੇ ਮਹੀਨਾ ਵਾਰ ਮੰਨਜੂਰੀ ਬਾਰੇ ਸਬੰਧਤ ਅਰਜੀਕਾਰਾਂ ਨੂੰ ਵੀ ਸੂਚਨਾ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਵਲੋਂ ਭੇਜੀ ਜਾਣੀ ਹੈ। ਇਸੇ ਤਰ੍ਹਾਂ ਸ਼ਹਿਰੀ ਖੇਤਰ ਦਾ ਫਾਰਮ ਅਰਜੀਕਾਰਾਂ ਨੇ ਮੁਕੰਮਲ ਕਰਵਾ ਕੇ ਸਬੰਧਰ ਬਾਲ ਵਿਕਾਸ ਤੇ ਪ੍ਰੋਜੈਕਟ ਅਫ਼ਸਰਾਂ ਨੂੰ ਦੇਣਾ ਹੈ। ਅਰਜ਼ੀ ਵਾਚਣ ਤੋਂ ਬਾਅਦ ਬਾਲ ਵਿਕਾਸ ਤੇ ਪ੍ਰੋਜੈਕਟ ਅਫਸਰ ਨੇ ਸਬੰਧਤ ਸਬ-ਡਵੀਜ਼ਨ ਮੈਜਿਸਟਰੇਟ ਨੂੰ ਮੰਨਜ਼ੂਰੀ ਲਈ ਭੇਜਣਾ ਹੈ। ਉਨ੍ਹਾਂ ਦੀ ਮੰਨਜ਼ੂਰੀ ਤੋਂ ਬਾਅਦ ਮੰਨਜ਼ੂਰੀ ਦੀ ਲਿਸਟ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਨੂੰ ਭੇਜੀ ਜਾਣੀ ਹੈ ਅਤੇ ਅਰਜ਼ੀਕਾਰਾਂ ਨੂੰ ਬੈਂਕ ਵਿਚ ਸਾਂਝਾ ਖਾਤਾ ਖੋਲ੍ਹਣ ਲਈ ਸੂਚਨਾ ਦੇਣੀ ਹੈ। ਪੇਂਡੂ ਖੇਤਰ ਦੇ ਲਾਭਪਾਤਰੀਆਂ ਨੂੰ ਅਦਾਇਗੀ ਪੰਚਾਇਤਾਂ ਰਾਹੀਂ ਅਤੇ ਸ਼ਹਿਰੀ ਖੇਤਰ ਦੇ ਲਾਭਪਾਤਰੀਆਂ ਨੂੰ ਅਦਾਇਗੀ ਬੈਂਕਾਂ ਰਾਹੀਂ ਹਰ ਤਿੰਨ ਮਹੀਨੇ ਬਾਅਦ ਕੀਤੀ ਜਾਂਦੀ ਹੈ। ਸਾਲ 2004-05 ਦੌਰਾਨ ਇਸ ਸਕੀਮ ਅਧੀਨ ਜ਼ਿਲ੍ਹਾ ਯੋਜਨਾ ਬੋਰਡ ਵਲੋਂ 2,43,41,000/- ਦੀ ਰਾਸ਼ੀ ਰਲੀਜ਼ ਕੀਤੀ ਗਈ। ਜਿਸ ਨਾਲ 40,568 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ।

**2. ਵਿਧਵਾ ਅਤੇ ਨਿਆਸ਼ਰਿਤ ਔਰਤਾਂ ਨੂੰ ਵਿੱਤੀ ਸਹਾਇਤਾ**

ਇਸ ਸਕੀਮ ਅਧੀਨ ਉਹ ਔਰਤਾਂ ਜਿਸ ਦੀ ਉਮਰ 60 ਸਾਲ ਤੋਂ ਘੱਟ ਹੋਵੇ ਵਿਧਵਾ ਜਾਂ ਨਿਆਸ਼ਰਿਤ ਹੋਵੇ ਅਤੇ ਉਸ ਦੀ ਮਾਸਿਕ ਆਮਦਨ 1000/- ਹੋਵੇ ਨੂੰ 200/- ਪ੍ਰਤੀ ਮਹੀਨਾ ਦੀ ਦਰ ਨਾਲ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਨਿਆਸ਼ਰਿਤ ਔਰਤਾਂ ਵਿਚ ਉਹ ਔਰਤਾਂ ਸ਼ਾਮਲ ਹਨ ਜਿਨ੍ਹਾਂ ਦੇ ਪਤੀ ਨੇ ਉਨ੍ਹਾਂ ਨੂੰ ਛੱਡਿਆ ਹੋਵੇ, ਜਿਨ੍ਹਾਂ ਦਾ ਪਤੀ ਸਰੀਰਕ ਤੌਰ ਤੇ ਡਾਕਟਰੀ ਰਿਪੋਰਟ ਮੁਤਾਬਿਕ ਨਕਾਰਾ ਹੋਵੇ ਜਾਂ ਜਿਨ੍ਹਾਂ ਦਾ ਪਤੀ ਲੰਬੇ ਸਮੇਂ ਤੋਂ ਗੁੰਮ ਹੋਵੇ। ਇਸ ਸਕੀਮ ਅਧੀਨ ਵੀ ਪੇਂਡੂ ਅਤੇ ਸ਼ਹਿਰੀ ਖੇਤਰ ਤੇ ਫਾਰਮ ਅਲਗ-ਅਲਗ ਹਨ। ਇਨ੍ਹਾਂ ਫਾਰਮਾਂ ਨੂੰ ਮੁਕੰਮਲ ਅਤੇ ਮੰਨਜ਼ੂਰ ਕਰਨ ਦੀ ਵਿਧੀ ਉਪਰੋਕਤ ਸਕੀਮ ਅਨੁਸਾਰ ਹੀ ਹੈ। ਇਸ ਸਕੀਮ ਅਧੀਨ ਜ਼ਿਲ੍ਹਾ ਯੋਜਨਾ ਬੋਰਡ ਵਲੋਂ ਸਾਲ 2004-05 ਦੌਰਾਨ 54.44 ਲੱਖ ਦੀ ਰਾਸ਼ੀ ਰਲੀਜ਼ ਕੀਤੀ ਗਈ, ਜਿਸ ਅਨੁਸਾਰ 9091 ਲਾਭ ਪਾਤਰੀਆਂ ਨੂੰ ਲਾਭ ਦਿੱਤਾ ਗਿਆ।

3. **ਆਸ਼ਰਿਤ ਬੱਚਿਆਂ ਨੂੰ ਵਿੱਤੀ ਸਹਾਇਤਾ**

ਇਸ ਸਕੀਮ ਅਧੀਨ ਉਹ ਵਿਧਵਾ ਅਤੇ ਨਿਆਸ਼ਰਿਤ ਔਰਤਾਂ ਦੇ ਬੱਚਿਆਂ ਨੂੰ 200/- ਰੁਪਏ ਪ੍ਰਤੀ ਬੱਚੇ ਦੀ ਦਰ ਨਾਲ ਇਕ ਪਰਿਵਾਰ ਦੇ ਦੋ ਬੱਚਿਆਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਜਿਨ੍ਹਾਂ ਦੀ ਉਮਰ 21 ਸਾਲ ਤੋਂ ਘੱਟ ਹੋਵੇ, ਇਸ ਵਿਚ ਯਤੀਮ ਬੱਚੇ ਵੀ ਸ਼ਾਮਲ ਹਨ। ਇਸ ਸਕੀਮ ਅਧੀਨ ਔਰਤ ਦੀ ਆਮਦਨ 1000/- ਰੁ. ਪ੍ਰਤੀ ਮਹੀਨਾ ਅਤੇ ਪਤੀ ਪਤਨੀ ਦੇ ਕੇਸ ਵਿਚ 1500/- ਰੁ. ਪ੍ਰਤੀ ਮਹੀਨਾ ਹੋਣੀ ਚਾਹੀਦੀ ਹੈ। ਆਮਦਨ ਵਿਚ 300/- ਰੁ. ਪ੍ਰਤੀ ਬੱਚਾ ਦੋ ਬੱਚਿਆਂ ਨੂੰ ਵੀ ਛੋਟ ਹੈ। ਜੇਕਰ ਬੱਚਾ ਸਕੂਲ ਜਾਂਦਾ ਹੈ ਤਾਂ ਸਕੂਲ ਦੇ ਮੁੱਖੀ ਤੋਂ ਉਸਦਾ ਸਰਟੀਫਿਕੇਟ ਲਿਆ ਜਾਣਾ ਹੈ, ਜਿਸ ਵਿਚ ਬੱਚੇ ਦਾ ਨਾਂ, ਕਲਾਸ, ਜਨਮ ਮਿਤੀ ਹੋਣੀ ਜ਼ਰੂਰੀ ਹੈ। ਜੇਕਰ ਬੱਚਾ ਸਕੂਲ ਜਾਣ ਦੀ ਉਮਰ ਤੋਂ ਘੱਟ ਹੈ ਤਾਂ ਉਸ ਦੀ ਜਨਮ ਮਿਤੀ ਸਬੰਧੀ ਫਸਟ ਕਲਾਸ ਮੈਜਿਸਟਰੇਟ ਤੋਂ ਹਲਫੀਆ ਬਿਆਨ ਅਰਜੀਕਾਰ ਤੋਂ ਲਿਆ ਜਾਣਾ ਹੈ, ਪਰ ਜਦੋਂ ਬੱਚਾ ਪੜ੍ਹਨ ਯੋਗ ਹੋ ਜਾਵੇ ਤਾਂ ਸਕੂਲ ਦਾਖਲ ਕਰਵਾਉਣਾ ਜ਼ਰੂਰੀ ਹੈ ਕਿਉਂਕਿ ਇਹ ਵਿੱਤੀ ਸਹਾਇਤਾ ਪੜ੍ਹਨ ਵਾਲੇ ਬੱਚਿਆਂ ਨੂੰ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਵੀ ਪੇਂਡੂ ਅਤੇ ਸ਼ਹਿਰੀ ਖੇਤਰ ਦੇ ਫਾਰਮ ਅਲੱਗ-ਅਲੱਗ ਹਨ। ਫਾਰਮ ਦੇਣ ਅਤੇ ਵਿੱਤੀ ਸਹਾਇਤਾ ਮੰਨਜੂਰ ਕਰਨ ਦੀ ਵਿਧੀ ਉਪਰੋਕਤ ਸਕੀਮ ਅਨੁਸਾਰ ਹੀ ਹੈ। ਇਸ ਸਕੀਮ ਅਧੀਨ ਸਾਲ 2004-05 ਦੌਰਾਨ ਜ਼ਿਲ੍ਹਾ ਯੋਜਨਾ ਬੋਰਡ ਵਲੋਂ 33.48 ਲੱਖ ਦੀ ਰਾਸ਼ੀ ਰਲੀਜ਼ ਕੀਤੀ ਗਈ, ਜਿਸ ਨਾਲ 5580 ਬੱਚਿਆਂ ਨੂੰ ਲਾਭ ਦਿੱਤਾ ਜਾ ਚੁੱਕਾ ਹੈ।

4. **ਅਪੰਗ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਸਕੀਮ**

ਇਸ ਸਕੀਮ ਅਧੀਨ ਉਹ ਅਪੰਗ ਵਿਅਕਤੀ ਜੋ ਡਾਕਟਰੀ ਰਿਪੋਰਟ ਮੁਤਾਬਿਕ 50% ਤੋਂ ਵੱਧ ਨਕਾਰਾ ਹੋਵੇ ਜਾਂ ਮੰਦ ਬੁੱਧੀ ਦਾ ਹੋਵੇ ਨੂੰ 200/- ਰੁ. ਪ੍ਰਤੀ ਮਹੀਨਾ ਦੀ ਦਰ ਨਾਲ ਪੈਨਸ਼ਨ ਦਿੱਤੀ ਜਾਂਦੀ ਹੈ। ਜੇਕਰ ਅਰਜੀਕਾਰ 16 ਸਾਲ ਤੋਂ ਘੱਟ ਉਮਰ ਦਾ ਹੈ ਤਾਂ ਉਸ ਦੀ ਅਰਜੀ ਫਾਰਮ ਉਸ ਦੇ ਮਾਤਾ-ਪਿਤਾ/ਗਾਰਡੀਅਨ ਵਲੋਂ ਭਰਿਆ ਜਾਣਾ ਹੈ। ਜੇਕਰ ਬੱਚਾ ਮੰਦ ਬੁੱਧੀ ਹੋਵੇ ਭਾਵੇਂ ਉਹ ਕਿਸੀ ਵੀ ਉਮਰ ਦਾ ਹੋਵੇ ਉਸ ਦਾ ਫਾਰਮ ਉਸਦੇ ਮਾਤਾ-ਪਿਤਾ/ਗਾਰਡੀਅਨ ਵਲੋਂ ਭਰਿਆ ਜਾਣਾ ਹੈ, ਅਪੰਗ ਵਿਅਕਤੀ ਦੀ ਆਮਦਨ 1000/- ਰੁ. ਪ੍ਰਤੀ ਮਹੀਨਾ ਹੋਣੀ ਚਾਹੀਦੀ ਹੈ। ਮਾਤਾ-ਪਿਤਾ ਦੀ ਆਮਦਨ ਜੇਕਰ ਫਾਰਮ ਉਨ੍ਹਾਂ ਵਲੋਂ ਭਰਿਆ ਗਿਆ ਹੋਵੇ 2500/- ਰੁ. ਪ੍ਰਤੀ ਮਹੀਨਾ ਹੋਣੀ ਚਾਹੀਦੀ ਹੈ। ਜੇਕਰ ਉਨ੍ਹਾਂ ਦੇ ਦੋ ਬੱਚੇ ਅਪੰਗ ਹਨ ਤਾਂ ਇਹ ਆਮਦਨ 3000/- ਰੁ. ਪ੍ਰਤੀ ਮਹੀਨਾ ਹੋਣੀ ਚਾਹੀਦੀ ਹੈ। ਅਰਜ਼ੀ ਦੇਣ ਅਤੇ ਮੰਨਜੂਰ ਕਰਨ ਦੀ ਵਿਧੀ ਉਪਰੋਕਤ ਸਕੀਮ ਅਨੁਸਾਰ ਹੀ ਹੈ। ਇਸ ਸਕੀਮ ਅਧੀਨ ਜ਼ਿਲ੍ਹਾ ਯੋਜਨਾ ਬੋਰਡ ਵਲੋਂ 2004-05 ਦੌਰਾਨ 21.64 ਲੱਖ ਦੀ ਰਾਸ਼ੀ ਰਲੀਜ਼ ਕੀਤੀ ਗਈ, ਜਿਸ ਨਾਲ 3606 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ।

ਇਨ੍ਹਾਂ ਉਪਰੋਕਤ ਚਾਰੇ ਸਕੀਮਾਂ ਅਧੀਨ ਪੇਂਡੂ ਖੇਤਰ ਦੇ ਲਾਭਪਾਤਰੀਆਂ ਨੂੰ ਪੈਨਸ਼ਨ ਵੰਡਣ ਲਈ ਸਰਕਾਰ ਵਲੋਂ ਕਮੇਟੀ ਬਣਾਈ ਗਈ ਹੈ। ਇਸ ਕਮੇਟੀ ਵਿਚ ਪਿੰਡ ਦਾ ਸਰਪੰਚ, ਸਾਬਕਾ ਸਰਪੰਚ, ਲੇਡੀ ਐਸ.ਸੀ. ਪੰਚ, ਲੇਡੀ ਜਨਰਲ ਪੰਚ, ਹਲਕੇ ਦਾ ਪਟਵਾਰੀ, ਪੰਚਾਇਤ ਸਕੱਤਰ, ਟੀਚਰ ਅਤੇ ਆਂਗਨਵਾੜੀ ਵਰਕਰ ਸ਼ਾਮਲ ਹਨ। ਪੈਨਸ਼ਨ/ਵਿੱਤੀ ਸਹਾਇਤਾ ਵੰਡਣ ਸਮੇਂ ਇਨ੍ਹਾਂ ਕਮੇਟੀ ਮੈਂਬਰਾਂ ਦੀ ਗਿਣਤੀ ਦੋ ਤਿਹਾਈ ਹੋਣੀ ਜ਼ਰੂਰੀ ਹੈ। ਪੈਨਸ਼ਨਾਂ ਵੰਡਣ ਲਈ ਚੈੱਕ ਸਿੱਧਾ ਸਰਪੰਚ ਗ੍ਰਾਮ ਪੰਚਾਇਤ ਨੂੰ ਦਿੱਤਾ ਜਾਂਦਾ ਹੈ। ਨਿਰਧਾਰਿਤ ਕੀਤੀ ਕਮੇਟੀ ਵਲੋਂ ਚੈਕ ਪ੍ਰਾਪਤ ਹੋਣ ਤੇ 7 ਦਿਨਾਂ ਦੇ ਅੰਦਰ-ਅੰਦਰ ਲਾਭਪਾਤਰੀਆਂ ਨੂੰ ਪੈਨਸ਼ਨਾਂ ਦੀ ਵੰਡ ਕੀਤੀ ਜਾਣੀ ਹੁੰਦੀ ਹੈ। ਪੈਨਸ਼ਨਾਂ ਦੀ ਵੰਡ ਕਰਨ ਤੋਂ ਬਾਅਦ ਰਸੀਦਾਂ ਅਤੇ ਅਣਵੰਡੀ ਰਾਸ਼ੀ ਜਿਨ੍ਹਾਂ ਦਾ ਚੈਕ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਹੁਸ਼ਿਆਰਪੁਰ ਦੇ ਹੱਕ ਵਿਚ ਹੋਣਾ ਚਾਹੀਦਾ ਹੈ। ਰਸੀਦਾਂ ਸਬੰਧਤ ਪੰਚਾਇਤ ਸਕੱਤਰਾਂ ਨੇ ਸਬੰਧਤ ਦਫ਼ਤਰ ਵਲੋਂ ਇਹ ਰਸੀਦਾਂ ਅਤੇ ਅਣਵੰਡੀ ਰਾਸ਼ੀ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਨੂੰ ਭੇਜਣੀ ਹੁੰਦੀ ਹੈ।

ਇਸ ਤੋਂ ਇਲਾਵਾ ਇਸ ਦਫ਼ਤਰ ਵਲੋਂ ਜ਼ਿਲ੍ਹਾ ਪੱਧਰ ਤੇ ਰਾਸ਼ਟਰੀ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਉਨ੍ਹਾਂ ਦਾ ਵੇਰਵਾ ਵੀ ਹੇਠ ਲਿਖੇ ਅਨੁਸਾਰ ਹੈ।

1. **ਨੈਸ਼ਨਲ ਓਲਡ ਏਜ਼ ਪੈਨਸ਼ਨ**

ਇਸ ਸਕੀਮ ਅਧੀਨ ਉਹ ਔਰਤ ਜਾਂ ਮਰਦ ਜਿਨ੍ਹਾਂ ਦੀ ਉਮਰ 65 ਸਾਲ ਜਾਂ ਉਸ ਤੋਂ ਵੱਧ ਹੈ ਅਤੇ ਉਹ ਗਰੀਬੀ ਰੇਖਾਂ ਤੋਂ ਹੇਠਾਂ

ਰਹਿੰਦੇ ਹਨ, ਉਨ੍ਹਾਂ ਨੂੰ 75 ਰੁ. ਪ੍ਰਤੀ ਮਹੀਨਾ ਦੀ ਦਰ ਨਾਲ ਬੈਂਕਾਂ ਰਾਹੀਂ ਪੈਨਸ਼ਨ ਦਿੱਤੀ ਜਾਂਦੀ ਹੈ। ਸੰਤਾਨਹੀਣ, ਵਿਧਵਾ, ਨਿਆਸ਼ਰਿਤ ਅਤੇ ਅਪੰਗ ਨੂੰ ਇਸ ਸਕੀਮ ਵਿਚ ਪਹਿਲ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਇਸ ਜ਼ਿਲ੍ਹੇ ਦਾ ਟੀਚਾ 1884 ਲਾਭਪਾਤਰੀਆਂ ਦਾ ਹੈ। ਸਰਕਾਰ ਵਲੋਂ ਸਾਲ 2002-03 ਅਤੇ ਸਾਲ 2003-04 ਤੇ ਬਕਾਏ ਲਈ ਪਲਾਨਿੰਗ ਬੋਰਡ ਵਲੋਂ 7.10 ਲੱਖ ਦੀ ਰਾਸ਼ੀ ਰਲੀਜ਼ ਕੀਤੀ ਗਈ, ਜਿਸ ਨਾਲ ਇਸ ਸਾਲ 1578 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ।

**2. ਨੈਸ਼ਨਲ ਫੈਮਿਲੀ ਬੈਨੀਫਿਟ ਸਕੀਮ**

ਇਸ ਸਕੀਮ ਅਧੀਨ ਉਹ ਵਿਧਵਾ ਔਰਤ ਜੋ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੀ ਹੋਵੇ, ਉਸ ਨੂੰ 10000/- ਰੁ. ਯੱਕ ਮੁਸ਼ਤ ਸਰਕਾਰ ਵਲੋਂ ਸਹਾਇਤਾ ਦਿੱਤੀ ਜਾਂਦੀ ਹੈ। ਇਹ ਸਹਾਇਤਾ ਲਾਭਪਾਤਰੀ ਨੂੰ ਚੈਕ ਰਾਹੀਂ ਦਿੱਤੀ ਜਾਂਦੀ ਹੈ ਜੋ ਕਿ ਪੇਈ ਅਕਾਊਂਟ ਦਾ ਹੁੰਦਾ ਹੈ। ਗਰੀਬੀ ਰੇਖਾ ਤੋਂ ਹੇਠਾਂ ਰਹਿਣ ਦਾ ਸਰਟੀਫਿਕੇਟ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਵਲੋਂ ਦਿੱਤਾ ਜਾਣਾ ਹੁੰਦਾ ਹੈ। ਸਰਕਾਰ ਵਲੋਂ 2002-03 ਅਤੇ ਸਾਲ 2003-04 ਦੇ ਬਕਾਏ ਲਈ ਪਲਾਨਿੰਗ ਬੋਰਡ ਵਲੋਂ 6.10 ਲੱਖ ਦੀ ਰਾਸ਼ੀ ਰਲੀਜ਼ ਕੀਤੀ ਗਈ, ਜਿਸ ਨਾਲ 61 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ ਹੈ।